# ਪੰਜਾਬੀ—104

## XII (ਬਾਰ੍ਹਵੀਂ)

# ਨਮੂਨੇ ਦਾ ਪ੍ਰਸ਼ਨ-ਪੱਤਰ

## (ਮਾਰਚ-ਅਪ੍ਰੈਲ 2023)

**Time Allowed 3 Hrs** | **M.M. 80**

**ਸਮਾਂ ਤਿੰਨ ਘੰਟੇ** | **ਕੁੱਲ ਅੰਕ 80**

### *ਆਮ ਨਿਰਦੇਸ਼*

**ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ਼ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :**

- **ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ਼ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।**
- **ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।**
- **ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ਼ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।**

**ਭਾਸ਼ਾ** **8+8+10=26**

(1) **ਅਡਵਾਂਸ ਪੜ੍ਹਨ-ਕੌਸ਼ਲ**

ਹੇਠ ਦਿੱਤੇ ਗਏ **ਕਿਸੇ ਇੱਕ** ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਉਸ ਦਾ ਸਿਰਲੇਖ ਵੀ ਲਿਖੋ। (7+1=8)

ਅਰਦਾਸ ਦਾ ਅਸਲ ਮੰਤਵ ਦਾਤਾਂ ਮੰਗਣੀਆਂ ਨਹੀਂ। ਪਰਮਾਤਮਾ ਤਾਂ ਸਾਡੇ ਅੰਦਰ ਦੀਆਂ ਜਾਣਦਾ ਹੈ। ਸਾਡੇ ਮੰਗੇ ਬਗ਼ੈਰ ਹੀ ਉਸ ਨੂੰ ਸਾਡੀਆਂ ਲੋੜਾਂ ਦਾ ਪਤਾ ਹੈ। ਆਪਣੀਆਂ ਦਾਤਾਂ ਉਹ ਸਾਡੇ 'ਤੇ, ਬਿਨਾਂ ਮੰਗੇ ਹੀ ਲੁਟਾਉਂਦਾ ਫਿਰਦਾ ਹੈ। ਉਹ ਤਾਂ ਚੰਗੇ-ਮੰਦੇ ਸਭ ਜੀਆਂ ਦਾ ਫ਼ਿਕਰ ਕਰਦਾ ਹੈ। ਉਸ ਦਾ ਸੂਰਜ ਪਾਪੀਆਂ ਤੇ ਪੁੰਨੀਆਂ ਦੋਹਾਂ ਲਈ ਇੱਕੋ-ਜਿਹੀ ਧੁੱਪ ਵਰਤਾਉਂਦਾ ਹੈ। ਉਸ ਦੀ ਧਰਤੀ ਨਿਆਂਈਆਂ, ਅਨਿਆਂਈਆਂ ਸਭਨਾਂ ਨੂੰ ਇਕਸਾਰ ਠਾਰਦੀ ਹੈ। ਉਸ ਦੀ ਬਖ਼ਸ਼ਸ਼ ਤਾਂ ਅਵਿਰਲ ਬਰਸਦੀ ਹੈ। ਦਾਤਾਂ ਦੇਣ ਲਈ ਉਹ ਸਾਡੀਆਂ ਅਰਦਾਸਾਂ ਕਦੋਂ ਉਡੀਕਦਾ ਹੈ? ਪੂਰਨ ਪਿਆਰ ਉਸ ਦੀ ਰੀਤ ਹੈ। ਪਿਆਰ ਵਿੱਚ ਉਸ ਨੇ ਸਾਡੇ ਲਈ ਦਾਤਾਂ ਦੀ ਲੁੱਟ ਪਾਈ ਹੋਈ ਹੈ। ਮੰਦੇ ਉਸ ਪਾਸੋਂ ਮੰਗਦੇ ਵੀ ਨਹੀਂ ਫਿਰ ਵੀ ਦਾਤਾਂ ਪ੍ਰਾਪਤ ਕਰਦੇ ਹਨ। ਚੰਗੇ ਮੰਗਦੇ ਹਨ, ਪਰ ਕਿਤਨਾ ਕੁੱਝ ਮੰਗਦੇ ਹਨ? ਮੰਗੇ ਤੋਂ ਵਧੀਕ ਉਹਨਾਂ ਨੂੰ ਕੁਝ ਨਹੀਂ ਮਿਲ਼ਦਾ? ਅਰਦਾਸ ਦਾ ਅਸਲ ਮੰਤਵ ਲੋੜਾਂ ਦੱਸਣਾ ਨਹੀਂ, ਪਰਮਾਤਮਾ ਦੀ ਨੇੜਤਾ ਪ੍ਰਾਪਤ ਕਰਨਾ ਹੈ। ਅਰਦਾਸ ਤਾਂ ਪਰਮਾਤਮਾ ਅੱਗੇ ਆਪਣਾ ਦਿਲ ਖੋਲ੍ਹਣ ਦਾ ਸਾਧਨ ਹੈ। ਦਿਲ ਦੇ ਤਾਕ ਖੋਲ੍ਹੀਏ ਤਾਂ ਦੈਵੀ ਪ੍ਰਕਾਸ਼ ਅੰਦਰ ਪ੍ਰਵੇਸ਼ ਕਰਦਾ ਹੈ। ਜਦੋਂ ਮਾਲਕ ਨੂੰ ਅਸੀਂ ਆਪਣੀਆਂ ਲੋੜਾਂ ਦੱਸਦੇ ਹਾਂ ਤਾਂ ਇਸ ਲਈ ਨਹੀਂ ਕਿ ਉਸ ਨੂੰ ਦਾਤਾਂ ਦੇਣ ਵਿੱਚ ਕੋਈ ਸੁਝਾਅ ਦੇਈਏ ਸਗੋਂ ਇਸ ਲਈ ਕਿ ਉਸ ਪਿਆਰੇ ਨਾਲ਼ ਗੱਲਾਂ ਕਰਨ ਦਾ ਅਵਸਰ ਪ੍ਰਾਪਤ ਕਰੀਏ। ਐਸਾ ਅਵਸਰ ਸਾਡੀ ਨਿਰਬਲਤਾ 'ਚੋਂ, ਸਾਡੀਆਂ ਲੋੜਾਂ-ਥੁੜ੍ਹਾਂ 'ਚੋਂ ਨਿੱਤ ਪੈਦਾ ਹੁੰਦਾ ਹੈ। ਇਸ ਨੂੰ ਅਸੀਂ ਪਰਮਾਤਮਾ ਜੀ ਨਾਲ਼ ਆਪਣਾ ਦੁੱਖ-ਸੁੱਖ ਫਰੋਲ਼ਨ ਦੇ ਆਹਰ ਵਿੱਚ ਲਾ ਕੇ ਉਸ ਦੀ ਨੇੜਤਾ ਦੇ ਪਾਤਰ ਬਣ ਸਕਦੇ ਹਾਂ।

**ਜਾਂ**

ਵਿਦਿਆਰਥੀ ਜੀਵਨ ਮਨੁੱਖ ਦੇ ਜੀਵਨ ਦਾ ਕੀਮਤੀ ਭਾਗ ਹੈ। ਇਹ ਅਵਸਰ ਉਹ ਬੁਨਿਆਦ ਹੈ, ਜਿਸ ਉੱਪਰ ਆਉਣ ਵਾਲ਼ੀ ਜ਼ਿੰਦਗੀ ਦਾ ਮਹੱਲ ਉਸਾਰਿਆ ਜਾਂਦਾ ਹੈ। ਜਿੰਨਾ ਕੋਈ ਇਸ ਨੀਂਹ ਨੂੰ ਪੱਕਾ ਕਰ ਲੈਂਦਾ ਹੈ, ਓਨਾ ਹੀ ਉਹ ਆਪਣਾ ਜੀਵਨ ਤਰੱਕੀ ਦੀਆਂ ਲੀਹਾਂ 'ਤੇ ਪਾ ਕੇ ਸੁਆਰ ਲੈਂਦਾ ਹੈ ਬਹੁਤ ਸਾਰੇ ਵਿਦਿਆਰਥੀ ਇਸ ਜੀਵਨ ਨੂੰ

ਮੌਜ-ਮੇਲਾ, ਐਸ਼-ਪ੍ਰਸਤੀ ਤੇ ਖੇਡਣ ਦਾ ਸਮਾਂ ਸਮਝਦੇ ਹਨ ਅਤੇ ਇਸ ਵਿੱਚੋਂ ਕੁਝ ਵੀ ਪ੍ਰਾਪਤ ਨਹੀਂ ਕਰਦੇ। ਉਸ ਸਮੇਂ ਨੂੰ ਐਵੇਂ ਵਿਅਰਥ ਗੁਆ ਦਿੰਦੇ ਹਨ। ਇਸ ਲਾਪਰਵਾਹੀ ਲਈ ਉਹਨਾਂ ਨੂੰ ਬਾਅਦ ਵਿੱਚ ਪਛਤਾਉਣਾ ਪੈਂਦਾ ਹੈ, ਜਿਵੇਂ ਲੰਘ ਗਿਆ ਪਾਣੀ ਦੁਬਾਰਾ ਉਸ ਰਾਹ ਨਹੀਂ ਆਉਂਦਾ ਉਸੇ ਤਰ੍ਹਾਂ ਬੀਤ ਚੁੱਕਾ ਸਮਾਂ ਦੁਬਾਰਾ ਉਹਨਾਂ ਦੇ ਹੱਥ ਨਹੀਂ ਆਉਂਦਾ। ਫਿਰ ਉਹ ਲਾਪਰਵਾਹ ਵਿਦਿਆਰਥੀ ਸੱਖਣੇ ਹੱਥ ਰਹਿ ਜਾਂਦੇ ਹਨ ਕਿਉਂਕਿ ਜ਼ਿੰਦਗੀ ਦੀਆਂ ਕੌੜੀਆਂ ਅਸਲੀਅਤਾਂ ਦਾ ਸਾਹਮਣਾ ਕਰਨ ਲਈ ਉਹਨਾਂ ਨੇ ਆਪਣੇ ਆਪ ਨੂੰ ਤਿਆਰ ਨਹੀਂ ਕੀਤਾ ਹੁੰਦਾ। ਵਿਦਿਆਰਥੀ ਦਾ ਸਭ ਤੋਂ ਵੱਡਾ ਫ਼ਰਜ਼ ਵਿੱਦਿਆ ਹਾਸਲ ਕਰਨਾ ਹੁੰਦਾ ਹੈ। ਉਹ ਵਿੱਦਿਆ ਪ੍ਰਾਪਤੀ ਲਈ ਹੀ ਸਕੂਲ, ਕਾਲਜ ਵਿੱਚ ਆਉਂਦਾ ਹੈ। ਦੂਜੇ ਪਾਸੇ ਨਿਰਾ ਕਿਤਾਬੀ ਕੀੜਾ ਬਣ ਜਾਣਾ ਵੀ ਪੜ੍ਹਾਈ ਦਾ ਮਨੋਰਥ ਨਹੀਂ। ਵਿੱਦਿਆ ਦਾ ਅਰਥ ਸਿਰਫ਼ ਦਿਮਾਗੀ ਵਿਕਾਸ ਹੀ ਨਹੀਂ ਸਗੋਂ ਮਨੁੱਖ ਦਾ ਸਮੁੱਚਾ ਵਿਕਾਸ ਹੈ। ਇਸ ਲਈ ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਦਿਮਾਗੀ ਵਿਕਾਸ ਦੇ ਨਾਲ਼-ਨਾਲ਼ ਆਪਣੇ ਸਰੀਰ ਤੇ ਆਤਮਾ ਨੂੰ ਵੀ ਵਿਕਸਿਤ ਕਰਨ। ਜਿੰਨਾ ਕੋਈ ਵਿਦਿਆਰਥੀ ਇਸ ਸਮੇਂ ਵਿੱਚ ਆਪਣੀ ਸ਼ਖਸ਼ੀਅਤ ਨੂੰ ਵਧੇਰੇ ਨਿਖਾਰ ਲਵੇਗਾ, ਓਨਾਂ ਹੀ ਵੱਧ ਸਤਿਕਾਰ ਉਹ ਸਮਾਜ ਵਿੱਚ ਪਾ ਲਵੇਗਾ।

**(2) ਪ੍ਰਭਾਵਸ਼ਾਲੀ ਲਿਖਣ-ਕੌਸ਼ਲ** 8

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਆਪਣੀ ਯੋਗਤਾ ਤੇ ਸਮੱਰਥਾ ਦੱਸਦੇ ਹੋਏ, ਕਿਸੇ ਨਜ਼ਦੀਕੀ ਬੈਂਕ ਤੋਂ ਸਵੈ-ਰੁਜ਼ਗਾਰ ਚਲਾਉਣ ਲਈ ਕਰਜ਼ਾ ਲੈਣ ਵਾਸਤੇ ਸ਼ਾਖਾ ਪ੍ਰਬੰਧਕ ਨੂੰ ਪੱਤਰ ਲਿਖੋ।

**ਜਾਂ**

ਆਪਣੇ ਇਲਾਕੇ ਦੇ ਪ੍ਰਕਾਸ਼ਕ ਤੋਂ ਵੀ.ਪੀ.ਪੀ. ਰਾਹੀਂ ਪੁਸਤਕਾਂ ਮੰਗਵਾਉਣ ਲਈ ਪੱਤਰ ਲਿਖੋ।

(3) **ਕਿਸੇ ਇੱਕ** ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰਾ-ਰਚਨਾ ਕਰੋ। **10**

ਮਨਿ ਜੀਤੈ ਜਗੁ ਜੀਤੁ

**ਜਾਂ**

ਕੌਮੀ ਏਕਤਾ

## ਵਿਹਾਰਕ ਵਿਆਕਰਨ

**(4) ਵਾਕ-ਵਟਾਂਦਰਾ**

ਹੇਠ ਲਿਖੇ ਵਾਕਾਂ ਵਿੱਚੋਂ **ਕਿਸੇ ਚਾਰ** ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ। (1X4)**4**

(i) ਉਹ ਅਮੀਰ ਹੈ ਪਰ ਬਹੁਤ ਕੰਜੂਸ ਹੈ। (**ਸਧਾਰਨ ਵਾਕ ਬਣਾਓ**)

(ii) ਉਹ ਵਾਪਸ ਨਹੀਂ ਪਰਤੇਗਾ। (**ਕਰਮਨੀ ਵਾਚ ਬਣਾਓ**)

(iii) ਸਿਆਣੇ ਬੱਚੇ ਕਦੀ ਵੀ ਵੱਡਿਆਂ ਦਾ ਨਿਰਾਦਰ ਨਹੀਂ ਕਰਦੇ। (**ਹਾਂ-ਵਾਚਕ ਬਣਾਓ**)

(iv) ਜਦੋਂ ਮੈਂ ਸਕੂਲ ਪਹੁੰਚਿਆ ਤਾਂ ਘੰਟੀ ਵੱਜ ਗਈ। (**ਸੰਯੁਕਤ ਵਾਕ ਬਣਾਓ**)

(v) ਮਿਹਨਤ ਕਰਨ ਵਾਲ਼ੇ ਵਿਦਿਆਰਥੀਆਂ ਨੂੰ ਹਮੇਸ਼ਾ ਸਫ਼ਲਤਾ ਮਿਲਦੀ ਹੈ। (**ਮਿਸ਼ਰਤ ਵਾਕ ਬਣਾਓ**)

(5) **ਅਖਾਣ/ਅਖਾਉਂਤਾਂ**

ਹੇਠ ਦਿੱਤੇ ਗਏ ਅਖਾਣਾਂ ਵਿੱਚੋਂ **ਕਿਸੇ ਪੰਜ** ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ— (2X5)**10**

(i) ਸ੍ਵੈ ਭਰੋਸਾ ਵੱਡਾ ਤੋਸਾ

(ii) ਕੋਹ ਨਾ ਚੱਲੀ ਬਾਬਾ ਤਿਹਾਈ

(iii) ਬਹਿ ਕੇ ਖਾਧਿਆਂ ਤਾਂ ਖੂਹ ਵੀ ਨਿਖੁੱਟ ਜਾਂਦੇ ਹਨ

(iv) ਤੌੜੀ ਉਬਲੇਗੀ ਤਾਂ ਆਪਣੇ ਹੀ ਕੰਢੇ ਸਾੜੇਗੀ

(v) ਖਿੱਦੋ ਫਰੋਲ਼ਿਆਂ ਲੀਰਾਂ ਹੀ ਨਿਕਲਨੀਆਂ ਹਨ

(vi) ਸੱਚੇ ਮਾਰਗ ਚੱਲਦਿਆਂ ਉਸਤਤ ਕਰੇ ਜਹਾਨ

## ਸਾਹਿਤ (ਪਾਠ-ਪੁਸਤਕ ਆਧਾਰਿਤ ਪ੍ਰਸ਼ਨ) **40**

### ਕਵਿਤਾਵਾਂ ਵਿੱਚੋਂ **12**

(6) ਹੇਠ ਦਿੱਤੀਆਂ ਗਈਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ—3+5=**8**

'ਸੁਹਣੀ ਨੇ ਅਸਮਾਨ ਖੜੋ ਕੇ, ਧਰਤੀ ਵੱਲ ਤਕਾ ਕੇ।
ਇਹ ਮੁੱਠੀ ਖੋਲ੍ਹੀ ਤੇ ਸੁੱਟਿਆ, ਸਭ ਕੁਝ ਹੇਠ ਤਕਾ ਕੇ।
ਜਿਸ ਥਾਂਵੇਂ ਧਰਤੀ ਤੇ ਆ ਕੇ, ਇਹ ਮੁੱਠ ਡਿੱਗੀ ਸਾਰੀ।
ਓਸ ਥਾਂਉਂ 'ਕਸ਼ਮੀਰ' ਬਣ ਗਿਆ, ਟੁਕੜੀ ਜੱਗ ਤੋਂ ਨਯਾਰੀ।'

**ਜਾਂ**

'ਪਹਿਲੇ ਡੰਗ ਮਦਾਰੀਆਂ ਮੰਤਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ ਜਣੇ-ਖਣੇ ਨੂੰ ਲਾਗ
ਨਾਗਾਂ ਕੀਲੇ ਲੋਕ ਮੂੰਹ ਬਸ ਫਿਰ ਡੰਗ ਹੀ ਡੰਗ
ਪਲੋ-ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ

(7) ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (1X4)=4

**(i) 'ਵਗਾਰ' ਸ਼ਬਦ ਦਾ ਕੀ ਅਰਥ ਹੈ?**

(ੳ) ਮਿਹਨਤ (ਅ) ਦੁਰਮਟ

(ੲ) ਬਿਨਾਂ ਪੈਸਿਆਂ ਤੋਂ ਕੀਤਾ ਕੰਮ (ਸ) ਆਪਣੀ ਖੁਸ਼ੀ ਨਾਲ਼ ਕੀਤਾ ਕੰਮ

**(ii) 'ਹੀਰਿਆਂ ਦੇ ਹਾਰ ਦੀ ਲੜੀ' ਕਿਸ ਨਾਲ਼ ਗੁੰਦਣ ਲਈ ਕਿਹਾ ਗਿਆ ਹੈ?**

(ੳ) ਮੋਤੀਆਂ ਨਾਲ਼ (ਅ) ਫੁੱਲਾਂ ਨਾਲ਼

(ੲ) ਕਲੀਆਂ ਨਾਲ਼ (ਸ) ਗੁਲਾਬਾਂ ਨਾਲ਼

**(iii) 'ਵੇ ਦਰਦਮੰਦਾਂ ਦਿਆ ਦਰਦੀਆ! ਉੱਠ ਤੱਕ ਆਪਣਾ ਪੰਜਾਬ' ਉਕਤ ਤੁਕ ਵਿੱਚ 'ਦਰਦਮੰਦਾਂ ਦਿਆ ਦਰਦੀਆ' ਕਿਸ ਨੂੰ ਆਖਿਆ ਗਿਆ ਹੈ?**

(ੳ) ਵਾਰਸ ਸ਼ਾਹ (ਅ) ਅੰਮ੍ਰਿਤਾ ਪ੍ਰੀਤਮ

(ੲ) ਪੰਜਾਬ ਦੇ ਲੋਕਾਂ ਨੂੰ (ਸ) ਲੁੱਡਣ

**(iv) ਠੰਢੀ ਰਾਤ ਵਿੱਚ ਮਾਂ ਤੇ ਪੁੱਤਰ ਕਿਹੜੀ ਝੁੰਬ ਮਾਰ ਕੇ ਸੁੱਤੇ ਪਏ ਸਨ?**

(ੳ) ਚਾਦਰ ਦੀ (ਅ) ਖੇਸੀ ਦੀ

(ੲ) ਕੰਬਲ ਦੀ (ਸ) ਨ੍ਹੇਰੇ ਦੀ

## ਕਹਾਣੀਆਂ ਵਿੱਚੋਂ

6+4+6=**16**

(8) **'ਸਾਂਝ'** ਕਹਾਣੀ ਦੇ ਵਿਸ਼ੇ-ਵਸਤੂ ਬਾਰੇ 125 ਤੋਂ 150 ਸ਼ਬਦਾਂ ਵਿੱਚ ਚਰਚਾ ਕਰੋ। **6**

**ਜਾਂ**

**'ਮਾੜਾ ਬੰਦਾ'** ਕਹਾਣੀ ਦੇ 'ਰਿਕਸ਼ੇ ਵਾਲੇ' ਪਾਤਰ ਦਾ ਪਾਤਰ ਚਿਤਰਨ 125 ਤੋਂ 150 ਸ਼ਬਦਾਂ ਵਿੱਚ ਕਰੋ।

**(9)** ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (1X4)=4

**(i) ਗਵਾਲਾ ਲੇਖਕ ਦੇ ਘਰ ਨੀਲੀ ਦਾ ਦੁੱਧ ਕਿੱਥੇ ਚੋਂਦਾ ਸੀ?**

(ੳ) ਵਰਾਂਡੇ ਵਿੱਚ (ਅ) ਪਿੱਪਲ ਦੇ ਰੁੱਖ ਹੇਠਾਂ

(ੲ) ਤੂਤ ਦੇ ਰੁੱਖ ਹੇਠਾਂ (ਸ) ਮਹਿੰਦੀ ਦੇ ਬੂਟੇ ਹੇਠਾਂ

**(ii) 'ਮਾੜਾ ਬੰਦਾ'** ਕਹਾਣੀ ਅਨੁਸਾਰ ਲੇਖਕ ਦੀ ਭੂਆ ਦਾ ਪੁੱਤਰ ਕਿਸ ਮਹਿਕਮੇ ਵਿੱਚ ਅਫ਼ਸਰ ਸੀ?

(ੳ) ਡੀ.ਸੀ. (ਅ) ਜੰਗਲ਼ਾਤ

(ੲ) ਅਖ਼ਬਾਰ (ਸ) ਬੈਂਕ

**(iii) ਇਤਿਹਾਸਕ ਗੁਰਦੁਆਰੇ ਦੇ ਦਰਵਾਜ਼ੇ ਕੋਲ ਸਵਾਰੀਆਂ ਬੱਸ ਦਾ ਇੰਤਜ਼ਾਰ ਕਿੱਥੇ ਕਰ ਰਹੀਆਂ ਸਨ?**

(ੳ) ਅੰਬ ਦੇ ਰੁੱਖ ਹੇਠਾਂ (ਅ) ਪਿੱਪਲ ਦੇ ਰੁੱਖ ਹੇਠਾਂ

(ੲ) ਧਰੇਕ ਦੇ ਹੇਠਾਂ (ਸ) ਅੱਕ ਦੀ ਝਾੜੀਆਂ ਹੇਠਾਂ

**(iv) ਜੀਤੋ ਦੇ ਵੱਡੇ ਵੀਰ ਦਾ ਸੁਭਾਅ ਕਿਹੋ ਜਿਹਾ ਸੀ?**

(ੳ) ਅੜਬੀ ਤੇ ਰੋਹਬ ਵਾਲ਼ਾ (ਅ) ਜ਼ਿੱਦੀ ਤੇ ਜਜ਼ਬਾਤੀ

(ੲ) ਜ਼ਿੱਦੀ ਤੇ ਕਾਇਰ (ਸ) ਜਜ਼ਬਾਤੀ ਤੇ ਡਰਪੋਕ

(10) ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਤਿੰਨ** ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ— (2X3)=6

(i) ਪ੍ਰੋਫ਼ੈਸਰ ਲਾਲ ਚੀਰੇ ਵਾਲ਼ੇ ਸਾਈਕਲ ਸਵਾਰ ਬਾਰੇ ਕੀ-ਕੀ ਸੋਚਦਾ ਹੈ?

(ii) ਵੱਛੀ ਦੇ ਮਰਨ ਤੋਂ ਬਾਅਦ ਨੀਲੀ ਦਾ ਵਿਹਾਰ ਕਿਹੋ ਜਿਹਾ ਸੀ?

(iii) ਲੇਖਕ ਦੀ ਪਤਨੀ ਰਿਕਸ਼ੇ ਵਾਲ਼ੇ ਦੀ ਵਕਾਲਤ ਕਿਵੇਂ ਕਰਦੀ ਹੈ?

(**iv**) ਅਨੰਦ-ਕਾਰਜ ਵੇਲੇ ਜੀਤੋ ਨੂੰ ਕੀ ਸਿੱਖਿਆ ਦਿੱਤੀ ਗਈ?

## ਪੰਜਾਬੀ ਸੱਭਿਆਚਾਰ ਦੀ ਜਾਣ-ਪਛਾਣ **12**

(11) ਹੇਠ ਲਿਖੇ **ਬਹੁ-ਵਿਕਲਪੀ** ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ— (1X4)=4

**(i) ਮੇਲੇ ਤੇ ਤਿਉਹਾਰਾਂ ਵਿੱਚੋਂ ਕੀ ਵੇਖਣ ਨੂੰ ਮਿਲਦਾ ਹੈ?**

(ੳ) ਤਿਉਹਾਰ (ਅ) ਸੰਸਕ੍ਰਿਤਕ ਨੁਹਾਰ

(ੲ) ਪੱਛਮੀ ਸੰਸਕ੍ਰਿਤੀ (ਸ) ਮੇਲੇ

(**ii**) ਵਿਆਹ ਦਾ ਦਿਨ ਪੱਕਾ ਕਰਨ ਲਈ ਕੀ ਕਢਵਾਇਆ ਜਾਂਦਾ ਹੈ?

(ੳ) ਰਸਮ-ਰਿਵਾਜ (ਅ) ਕੁੜਮਾਈ

(ੲ) ਸਾਹਾ (ਸ) ਇਹਨਾਂ ਵਿੱਚੋਂ ਕੋਈ ਨਹੀਂ

**(iii) 'ਖਿੱਦੋ-ਖੂੰਡੀ' ਦੀ ਥਾਂ ਹੁਣ ਕਿਸ ਖੇਡ ਨੇ ਲੈ ਲਈ ਹੈ?**

(ੳ) ਕ੍ਰਿਕੇਟ (ਅ) ਪਹਿਲਵਾਨੀ

(ੲ) ਹਾਕੀ (ਸ) ਬੈਡਮਿੰਟਨ

**(iv) ਪੰਜਾਬ ਦੇ ਕਿਸ ਲੋਕ-ਨਾਚ ਨੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ?**

(ੳ) ਕਿੱਕਲੀ (ਅ) ਸੰਮੀ

(ੲ) ਭੰਗੜਾ (ਸ) ਝੂੰਮਰ

(12) ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ **ਕਿਸੇ ਦੋ** ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ— (4X2)=8

(**i**) ਪੰਜਾਬ ਵਿੱਚ ਤਿਥਾਂ ਨਾਲ਼ ਸੰਬੰਧਿਤ ਕਿਹੜੇ ਤਿਉਹਾਰ ਮਨਾਏ ਜਾਂਦੇ ਹਨ? ਤਿੱਥਾਂ ਨਾਲ ਸੰਬੰਧਿਤ ਕਿਸੇ ਦੋ ਤਿਉਹਾਰਾਂ ਬਾਰੇ ਜਾਣਕਾਰੀ ਦਿਓ।

(**ii**) ਰਸਮ-ਰਿਵਾਜ਼ ਕਿਵੇਂ ਪੈਦਾ ਹੋਏ?

(**iii**) ਪੁਰਾਤਨ ਸਮੇਂ ਵਿੱਚ ਪਿੰਡ ਵਾਸੀ ਆਪਣੇ ਪਿੰਡ ਦੇ ਲੋਕ-ਖਿਡਾਰੀਆਂ ਅਤੇ ਪਹਿਲਵਾਨਾਂ ਨੂੰ ਕਿਵੇਂ ਸਨਮਾਨਤ ਕਰਦੇ ਸਨ?